**CALIFORNIA ਰਾਜ ਦੀ ਉੱਚ ਅਦਾਲਤ, ਅਲਾਮੇਡਾ/ALAMEDA ਕਾਉਂਟੀ**

**ਛੋਟੇ ਅਪਰਾਧ ਦੀ ਦਲੀਲ ਸੰਲਗਨ: VC 23103 / 23103.5**

ਰਾਜ ਬਨਾਮ ________________________________________________________ ਕੇਸ ਨੰਬਰ: ___________________

**ਹਦਾਇਤਾਂ**: ਜੇਕਰ ਤੁਸੀਂ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਦੇ ਦੋਸ਼ਾਂ ਤੋਂ ਘਟਾ ਕੇ ਲਾਪਰਵਾਹੀ ਨਾਲ ਗੱਡੀ ਚਲਾਉਣ ਦੇ ਦੋਸ਼ 'ਤੇ ਦੋਸ਼ੀ ਜਾਂ ਬਿਨਾਂ ਕਿਸੇ ਵਿਰੋਧ ਦੇ ਦੋਸ਼ੀ ਹੋਣ ਦੀ ਅਪੀਲ ਕਰ ਰਹੇ ਹੋ, ਤਾਂ ਇਸ ਫਾਰਮ ਨੂੰ ਪੜ੍ਹੋ। ਫਾਰਮ 'ਤੇ ਸਿਰਫ਼ ਤਾਂ ਹੀ ਦਸਤਖਤ ਕਰੋ ਜੇਕਰ ਤੁਸੀਂ ਇਸਨੂੰ ਪੂਰੀ ਤਰ੍ਹਾਂ ਸਮਝਦੇ ਹੋ। ਜੇਕਰ ਇਸ ਫਾਰਮ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਵਕੀਲ ਜਾਂ ਜੱਜ ਨੂੰ ਪੁੱਛੋ। ਇਸ ਫਾਰਮ ਨੂੰ **ਅਧਿਕਾਰਾਂ, ਛੋਟ ਅਤੇ ਪਟੀਸ਼ਨ ਫਾਰਮ ਦੀ ਗਲਤ ਸਲਾਹ ਵਾਲੇ** ਫਾਰਮ **ਦੇ ਨਾਲ ਜਮ੍ਹਾਂ ਕਰੋ।**

| **ਵਾਹਨ ਕੋਡ ਸੈਕਸ਼ਨ<br>23103 / 23103.5 ਦੀ ਸਜ਼ਾ ਲਈ ਮੁੱਢਲੇ ਨਤੀਜੇ** | | |
|---|---|---|
| **ਅਪਰਾਧ** | **ਬਿਨਾਂ ਕਿਸੇ ਪ੍ਰੋਬੇਸ਼ਨ ਦੇ ਸਜ਼ਾ** | **3 ਸਾਲ ਤੱਕ ਦੀ ਪ੍ਰੋਬੇਸ਼ਨ ਦੇ ਨਾਲ ਸਜ਼ਾ** |
| VC 23103 ਕਿਸੇ ਵੀ DUI ਦੋਸ਼ ਤੋਂ ਘੱਟ ਅਪਰਾਧ ਵਜੋਂ | ਜੇਲ੍ਹ: 5 ਤੋਂ 90 ਦਿਨ ਅਤੇ/ਜਾਂ $145 ਤੋਂ $1,000 ਤੱਕ ਦਾ ਜੁਰਮਾਨਾ ਅਤੇ ਜੁਰਮਾਨੇ ਦੇ ਮੁਲਾਂਕਣ।<br>10 ਸਾਲਾਂ ਲਈ ਪਹਿਲਾਂ ਦੀਆਂ DUI ਸਜ਼ਾ ਵਜੋਂ ਕੰਮ ਕਰਦਾ ਹੈ। | ਜੇਲ੍ਹ: 90 ਦਿਨਾਂ ਤੱਕ ਦੀ ਸਜ਼ਾ ਅਤੇ/ਜਾਂ $145 ਤੋਂ $1,000 ਤੱਕ ਦਾ ਜੁਰਮਾਨਾ ਅਤੇ ਜੁਰਮਾਨੇ ਦੇ ਮੁਲਾਂਕਣ।<br>ਪ੍ਰੋਬੇਸ਼ਨ ਰੱਦ ਕਰਨ ਦਾ ਜੁਰਮਾਨਾ ਮੁਅੱਤਲ।<br>ਸ਼ਰਾਬ/ਡਰੱਗ ਪ੍ਰੋਗਰਾਮ ਵਿੱਚ ਹਾਜ਼ਰੀ ਜ਼ਰੂਰੀ ਹੈ ਜਦੋਂ ਤੱਕ ਕਿ ਕੋਈ ਚੰਗਾ ਕਾਰਨ ਨਾ ਦਿਖਾਇਆ ਜਾਵੇ।<br>10 ਸਾਲਾਂ ਲਈ ਪਹਿਲਾਂ DUI ਸਜ਼ਾ ਵਜੋਂ ਕੰਮ ਕਰਦਾ ਹੈ। |
| **ਵਾਹਨ ਕੋਡ ਸੈਕਸ਼ਨ 23152 (a) ਅਤੇ (b)<br>ਦੀ ਸਜ਼ਾ ਲਈ ਮੁੱਢਲੇ ਨਤੀਜੇ** | | |
| **ਅਪਰਾਧ** | **ਬਿਨਾਂ ਕਿਸੇ ਪ੍ਰੋਬੇਸ਼ਨ ਦੇ ਸਜ਼ਾ** | **3 ਤੋਂ 5 ਸਾਲ ਦੀ ਪ੍ਰੋਬੇਸ਼ਨ ਵਾਲੀ ਸਜ਼ਾ** |
| 10 ਸਾਲਾਂ ਦੇ ਅੰਦਰ ਦੂਜਾ DUI ਅਪਰਾਧ | ਜੇਲ੍ਹ: 90 ਦਿਨ ਤੋਂ 12 ਮਹੀਨੇ।<br>ਜੁਰਮਾਨਾ: $390 ਤੋਂ $1,000 ਤੱਕ ਜੁਰਮਾਨਾ ਮੁਲਾਂਕਣ।<br>DMV ਦਾ ਲੈਇਸੰਸ 24 ਮਹੀਨਿਆਂ ਲਈ ਮੁਅੱਤਲ; ਲੈਇਸੰਸ ਅਦਾਲਤ ਵਿੱਚ ਸਪੁਰਦ ਕਰੋ। | ਜੇਲ੍ਹ: ਜਾਂ ਤਾਂ 96 ਘੰਟੇ (ਘੱਟੋ-ਘੱਟ 48-ਘੰਟਿਆਂ ਦੇ ਬਲਾਕਾਂ ਵਿੱਚ) ਜਾਂ 10 ਦਿਨਾਂ, ਤੋਂ 12 ਮਹੀਨਿਆਂ ਦੀ ਜੇਲ੍ਹ।<br>ਜੁਰਮਾਨਾ: $390 ਤੋਂ $1,000 ਤੱਕ ਜੁਰਮਾਨਾ ਮੁਲਾਂਕਣ।<br>ਪ੍ਰੋਬੇਸ਼ਨ ਰੱਦ ਕਰਨ ਦਾ ਜੁਰਮਾਨਾ ($100 ਤੋਂ $1,000) ਮੁਅੱਤਲ।<br>ਘੱਟੋ-ਘੱਟ 18 ਤੋਂ 30 ਮਹੀਨਿਆਂ ਲਈ ਸ਼ਰਾਬ/ਡਰੱਗ ਪ੍ਰੋਗਰਾਮ ਨੂੰ ਲਾਜ਼ਮੀ ਤੌਰ 'ਤੇ ਪੂਰਾ ਕਰਨਾ। DMV ਦਾ ਲੈਇਸੰਸ 24 ਮਹੀਨਿਆਂ ਲਈ ਮੁਅੱਤਲ; ਲੈਇਸੰਸ ਅਦਾਲਤ ਵਿੱਚ ਸਪੁਰਦ ਕਰੋ। |
| **ਵਾਹਨ ਕੋਡ ਸੈਕਸ਼ਨ<br>ਦੀ ਸਜ਼ਾ ਲਈ ਮੁੱਢਲੇ ਨਤੀਜੇ** | | |
| **ਅਪਰਾਧ** | **ਬਿਨਾਂ ਕਿਸੇ ਪ੍ਰੋਬੇਸ਼ਨ ਦੇ ਸਜ਼ਾ** | **3 ਤੋਂ 5 ਸਾਲ ਦੀ ਪ੍ਰੋਬੇਸ਼ਨ ਵਾਲੀ ਸਜ਼ਾ** |
| 10 ਸਾਲਾਂ ਦੇ ਅੰਦਰ ਤੀਜਾ DUI ਅਪਰਾਧ | ਜੇਲ੍ਹ (120 ਦਿਨ ਤੋਂ 12 ਮਹੀਨੇ)।<br>ਜੁਰਮਾਨਾ: $390 ਤੋਂ $1,000 ਤੱਕ ਜੁਰਮਾਨਾ ਮੁਲਾਂਕਣ।<br>DMV ਨੇ 36 ਮਹੀਨਿਆਂ ਲਈ ਲੈਇਸੰਸ ਰੱਦ ਕੀਤਾ; ਲੈਇਸੰਸ ਅਦਾਲਤ ਵਿੱਚ ਸਪੁਰਦ ਕਰੋ। | ਵਿਕਲਪ A: ਬਿਨਾਂ ਪ੍ਰੋਬੇਸ਼ਨ ਦੇ ਸਮਾਨ ਜੇਲ੍ਹ ਅਤੇ ਜੁਰਮਾਨਾ, ਨਾਲ ਹੀ ਪ੍ਰੋਬੇਸ਼ਨ ਰੱਦ ਕਰਨ ਦਾ ਜੁਰਮਾਨਾ ($100 ਤੋਂ $1,000) ਮੁਅੱਤਲ।<br><br>ਵਿਕਲਪ B: ਜੇਲ੍ਹ: 30 ਦਿਨ ਤੋਂ 12 ਮਹੀਨੇ।<br>ਜੁਰਮਾਨਾ: $390 ਤੋਂ $1,000 ਤੱਕ ਜੁਰਮਾਨਾ ਮੁਲਾਂਕਣ।<br>ਪ੍ਰੋਬੇਸ਼ਨ ਰੱਦ ਕਰਨ ਦਾ ਜੁਰਮਾਨਾ ($100 ਤੋਂ $1,000) ਮੁਅੱਤਲ।<br>ਘੱਟੋ-ਘੱਟ 18 ਤੋਂ 30 ਮਹੀਨਿਆਂ ਲਈ ਸ਼ਰਾਬ/ਡਰੱਗ ਪ੍ਰੋਗਰਾਮ ਨੂੰ ਲਾਜ਼ਮੀ ਤੌਰ 'ਤੇ ਪੂਰਾ ਕਰਨਾ।<br>DMV ਨੇ 36 ਮਹੀਨਿਆਂ ਲਈ ਲੈਇਸੰਸ ਰੱਦ ਕੀਤਾ; ਲੈਇਸੰਸ ਅਦਾਲਤ ਵਿੱਚ ਸਪੁਰਦ ਕਰੋ। |

## ਛੋਟੇ ਅਪਰਾਧ ਦੀ ਦਲੀਲ ਦਾ ਐਡੈਂਡਮ: VC 23103 / 23103.5

### ਦੋਸ਼ਾਂ ਨੂੰ ਘਟਾਉਣ ਬਾਰੇ ਸਰਕਾਰੀ ਵਕੀਲ ਦਾ ਬਿਆਨ

ਹੇਠ ਲਿਖੇ ਤੱਥ ਦਰਸਾਉਂਦੇ ਹਨ ਕਿ ਇਸ ਮਾਮਲੇ ਵਿੱਚ ਲਗਾਏ ਗਏ ਅਪਰਾਧ (ਧਾਂ) ਵਿੱਚ ਸ਼ਰਾਬ ਪੀਣ ਵਾਲੇ ਪਦਾਰਥ ਦਾ ਸੇਵਨ ਅਤੇ/ਜਾਂ ਨਸ਼ੀਲੇ ਪਦਾਰਥਾਂ ਦਾ ਸੇਵਨ ਜਾਂ ਖਪਤ ਸ਼ਾਮਲ ਸੀ: ______________________________

______________________________

______________________________

______________________________

ਇਸ ਮਾਮਲੇ ਵਿੱਚ ਸ਼ਾਮਲ ਦੋਸ਼ਾਂ ਨੂੰ ਘਟਾਉਣ ਦਾ (ਦੇ) ਕਾਰਨ ਹੇਠ ਲਿਖੇ ਅਨੁਸਾਰ ਹਨ:

☐ ਸਬੂਤਾਂ ਨਾਲ ਸੰਬੰਧਤ ਸਮੱਸਿਆਵਾਂ ☐ ਹੋਰ ਅਪਰਾਧ ਜ਼ਿਆਦਾ ਉਚਿਤ ਤੌਰ 'ਤੇ ਲਾਗੂ ਕੀਤਾ ਗਿਆ ਹੈ ☐ ਨਿਆਂ ਦੇ ਹਿੱਤ ਵਿੱਚ

ਇਸ ਸਿੱਟੇ ਵੱਲ ਲੈ ਜਾਣ ਵਾਲੇ ਤੱਥ ਇਹ ਹਨ: ______________________________

______________________________

______________________________

______________________________

ਤਰੀਕ: ______________________ ▶ ______________________________
(ਸਰਕਾਰੀ ਵਕੀਲ ਦੇ ਦਸਤਖਤ)

1. **DMV ਕਾਰਵਾਈਆਂ ਵੱਖਰੀਆਂ**: ਮੈਂ ਸਮਝਦਾ/ਦੀ ਹਾਂ ਕਿ DMV ਮੇਰੀ ਗ੍ਰਿਫ਼ਤਾਰੀ ਜਾਂ ਸਜ਼ਾ ਦੇ ਨਤੀਜੇ ਵਜੋਂ ਮੇਰੇ ਲਾਇਸੰਸ ਨੂੰ ਸੀਮਤ, ਮੁਅੱਤਲ, ਜਾਂ ਰੱਦ ਕਰ ਸਕਦਾ ਹੈ, ਸ਼ਰਾਬ ਪੀ ਕੇ ਡਰਾਈਵਰ ਪ੍ਰੋਗਰਾਮ ਨੂੰ ਪੂਰਾ ਕਰਨ ਅਤੇ ਇਗਨੀਸ਼ਨ ਇੰਟਰਲਾਕ ਡਿਵਾਈਸ ਦੀ ਸਥਾਪਨਾ ਦੀ ਮੰਗ ਕਰ ਸਕਦਾ ਹੈ, ਭਾਵੇਂ ਅਦਾਲਤ ਇਸਦੀ ਮੰਗ ਨਾ ਕਰੇ। ਮੈਂ ਸਮਝਦਾ/ਦੀ ਹਾਂ ਕਿ ਇਹ ਕਾਰਵਾਈਆਂ ਅਦਾਲਤ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ ਤੋਂ ਵਾਧੂ ਹਨ ਅਤੇ ਵੱਖਰੀਆਂ ਹਨ। ਮੈਂ ਸਮਝਦਾ/ਦੀ ਹਾਂ ਕਿ, ਜੇਕਰ ਮੁਅੱਤਲ ਜਾਂ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਮੇਰਾ ਡਰਾਈਵਿੰਗ ਅਧਿਕਾਰ ਉਦੋਂ ਤੱਕ ਬਹਾਲ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਮੈਂ DMV ਨੂੰ ਤਸੱਲੀਬਖਸ਼ ਸਬੂਤ ਨਹੀਂ ਦਿੰਦਾ ਕਿ ਮੈਂ ਲੋੜੀਂਦੇ ਸ਼ਰਾਬ ਪੀਣ ਵਾਲੇ ਡਰਾਈਵਰ ਪ੍ਰੋਗਰਾਮ ਨੂੰ ਸਫਲਤਾਪੂਰਵਕ ਪੂਰਾ ਕਰ ਲਿਆ ਹੈ ਅਤੇ ਵਿੱਤੀ ਜ਼ਿੰਮੇਵਾਰੀ ਦਾ ਸਬੂਤ।
2. **DUI ਖ਼ਤਰਾ:** ਮੈਂ ਸਮਝਦਾ/ਦੀ ਹਾਂ ਕਿ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਜਾਂ ਦੋਵਾਂ ਦੇ ਪ੍ਰਭਾਵ ਹੇਠ ਹੋਣਾ ਮੋਟਰ ਵਾਹਨ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਦੀ ਮੇਰੀ ਯੋਗਤਾ ਨੂੰ ਕਮਜ਼ੋਰ ਕਰਦਾ ਹੈ। ਇਸ ਲਈ, ਸ਼ਰਾਬ ਜਾਂ ਨਸ਼ੀਲੇ ਪਦਾਰਥਾਂ, ਜਾਂ ਦੋਵਾਂ ਦੇ ਪ੍ਰਭਾਵ ਹੇਠ ਗੱਡੀ ਚਲਾਉਣਾ ਮਨੁੱਖੀ ਜੀਵਨ ਲਈ ਬਹੁਤ ਖ਼ਤਰਨਾਕ ਹੈ। ਜੇਕਰ ਮੈਂ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ, ਜਾਂ ਦੋਵਾਂ ਦੇ ਪ੍ਰਭਾਵ ਹੇਠ ਗੱਡੀ ਚਲਾਉਂਦਾ ਰਹਿੰਦਾ ਹਾਂ, ਅਤੇ ਉਸ ਗੱਡੀ ਚਲਾਉਣ ਦੇ ਨਤੀਜੇ ਵਜੋਂ, ਕੋਈ ਮਾਰਿਆ ਜਾਂਦਾ ਹੈ, ਤਾਂ ਮੇਰੇ 'ਤੇ ਕਤਲ ਦਾ ਦੋਸ਼ ਲਗਾਇਆ ਜਾ ਸਕਦਾ ਹੈ। (VC 23593)
3. **ਜੇਕਰ ਮੈਂ 21 ਸਾਲ ਤੋਂ ਘੱਟ ਉਮਰ ਦਾ ਸੀ:** ਮੈਂ ਸਮਝਦਾ/ਦੀ ਹਾਂ ਕਿ ਜੇਕਰ ਮੇਰੀ ਗ੍ਰਿਫ਼ਤਾਰੀ ਦੇ ਸਮੇਂ ਮੈਂ 21 ਸਾਲ ਤੋਂ ਘੱਟ ਉਮਰ ਦਾ ਸੀ, ਤਾਂ DMV ਮੇਰਾ ਲੈਇਸੰਸ 1 ਸਾਲ ਲਈ ਮੁਅੱਤਲ ਕਰ ਦੇਵੇਗਾ (ਜਾਂ ਇਸਦੇ ਜਾਰੀ ਹੋਣ ਵਿੱਚ ਦੇਰੀ ਕਰੇਗਾ), ਅਤੇ ਮੈਨੂੰ ਆਪਣਾ ਲੈਇਸੰਸ ਅਦਾਲਤ ਵਿੱਚ ਸਪੁਰਦ ਕਰਨਾ ਪਵੇਗਾ। (VC 13202.5)

**ਮੈਂ ਇਨ੍ਹਾਂ ਦੋਨਾਂ ਪੰਨਿਆਂ 'ਤੇ ਸਾਰੀ ਜਾਣਕਾਰੀ ਪੜ੍ਹ ਲਈ ਹੈ ਅਤੇ ਸਮਝ ਲਈ ਹੈ।**

ਤਰੀਕ: ______________________ ▶ ______________________________
(ਮੁਦਾਲੇ ਦੇ ਦਸਤਖਤ)